# ਗੁਰੂ ਤੇਗ ਬਹਦਰ ਸਾਹਿਬ ਦੇ ਸ਼ਹੀਦ ਹੋਣ ਤੋਂ ਪਹਿਲਾਂ ਮੁਗਲ ਹਾਕਮ ਬਾਦਸ਼ਾਹ ਔਰੰਗਜੇਬ ਨਾਲ ਧਰਮ ਬਾਰੇ ਗਿਆਨ ਗੋਸ਼ਟੀ ਦੇ ਕੁਝ ਅੰਸ਼।

ਮੁਗਲ ਹਾਕਮ ਦੀਆਂ ਧਰਮ ਬਾਰੇ ਸਫਾਈਆਂ ਸੁਣਨ ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਨੇ ਬਾਦਸ਼ਾਹ ਔਰੰਗਜੇਬ ਨੂੰ ਕਿਹਾ ਤੂੰ ਸਮੇਂ ਦਾ ਬਾਧਸ਼ਾਹ ਹੈਂ।ਧਰਮ ਦੇ ਝਗੜਿਆਂ ਦੀ ਸਮਾਪਤੀ ਲਈ ਪੂਰੇ ਦੇਸ਼ ਨੂੰ ਇਕ ਮੱਤ ਵਿਚ ਲਿਆਉਣਾ ਜਰੂਰੀ ਸਮਝਦਾ ਹੈਂ, ਪਰ ਪਹਿਲਾਂ ਮੈਨੂੰ ਇਹ ਦਸੋ ਕਿ ਜਦ ਤੇਰੇ ਵੱਡੇ ਵਡੇਰਿਆਂ ਨੇ (ਬਾਬਰ ਹਮਾਯੂ) ਭਾਰਤ ਉਤੇ ਹਮਲਾ ਕੀਤਾ ਸੀ, ਤਾਂ ਆਪਣੇ ਹੀ ਮੱਤ ਦੇ ਤੁਰਕਾਂ ਪਠਾਣਾ ਦਾ ਬੇ-ਰਹਿਮੀ ਨਾਲ ਕਤਲ ਕਿਉ ਕੀਤਾ? ਉਸ ਵਕਤ ਕਿਆ ਇਸਲਾਮੀ ਹਕੂਮਤ ਨਹੀਂ ਸੀ? ਫਿਰ ਇਕ ਮੱਤ ਉਨ੍ਹਾਂ ਬੇ-ਗੁਨਾਹਾਂ ਨੂੰ ਕਿਉ ਨਹੀਂ ਬਚਾ ਸਕਿਆ। ਅਸੀਂ ਤੇਰੀ ਇਸ ਗਲ ਨਾਲ ਸਹਿਮਤ ਹਾਂ ਕਿ ਹਿੰਦੂ ਮੱਤ ਕਰਮ-ਕਾਂਡਾਂ ਦਾ ਗੋਰਖ-ਧੰਦਾ ਹੈ ਅਤੇ ਅਸੀਂ ਜਿਸ ਮੱਤ ਦੇ ਧਾਰਨੀ ਵੀ ਨਹੀਂ ਹਾਂ, ਪਰ ਅਸੀਂ ਤੇਰੀ ਇਸ ਦਲੀਲ ਨਾਲ ਸਹਿਮਤ ਨਹੀਂ ਕਿ ਜੋ ਤੂੰ ਸਮਝਦਾ ਹੈ ਕਿ ਧਰਮ ਦੇ ਝਗੜਿਆਂ ਦੀ ਸਮਾਪਤੀ ਲਈ ਸਾਰੇ ਹਿੰਦੀਆਂ ਨੂੰ ਇਸਲਾਮ ਮੱਤ ਵਿਚ ਲਿਆ ਕੇ ਖੁਦਾ ਪ੍ਰਸਤੀ ਦੇ ਰਾਹ ਤੋਰਿਆ ਜਾਵੇ, ਪਰ ਤੂੰ ਇਹ ਕਿਵੇਂ ਕਹਿ ਸਕਦਾ ਹੈਂ ਕਿ ਕਿਸੇ ਹੋਰ ਮੱਤ ਵਿਚ ਖੁਦਾ ਪ੍ਰਸਤੀ ਨਹੀਂ? ਕਿਸੇ ਵੀ ਢੰਗ ਨਾਲ ਜੀਵਨ ਜੀਉਣ ਅਤੇ ਪੂਜਾ ਪਾਠ ਕਰਨ ਦਾ ਹਰ ਮਨੁੱਖ ਨੂੰ ਜਨਮ ਅਧਿਕਾਰ ਹੈ। ਤੂੰ ਖੁਦਾ ਪ੍ਰਸਤੀ ਦੇ ਨਾਮ ਤੇ ਜ਼ੋਰ ਜੁਲਮ ਨਾਲ ਮਾਨਵ ਅਧਿਕਾਰਾਂ ਦਾ ਕਾਤਲ ਨਾ ਬਣ। ਇਕ ਮੱਤ ਦੀ ਦਲੀਲ ਤੇਰੀ ਖੁਦਾ ਪ੍ਰਸਤੀ ਨਹੀਂ? ਸਾਨੂੰ ਤਾਂ ਸਾਰੀ ਖ਼ਲਕਤ ਵਿਚ ਖੁਦਾ ਦਾ ਨੂੰਰ ਨਜ਼ਰ ਆਉਦਾ ਹੈ। ਸਾਡੇ ਲਈ ਸਾਰੀ ਮਨੁੱਖਤਾ ਇਕੋ ਜੇਹੀ ਹੈ। ਤੂੰ ਸਮੇਂ ਦਾ ਹਾਕਮ ਹੈਂ ਜੋ ਚਾਹੇਂ ਕਰ ਸਕਦਾ ਹੈ, ਪਰ ਅਸੀਂ ਮਾਨਵ ਅਧਿਕਾਰਾਂ ਦਾ ਕਤਲ ਨਹੀਂ ਹੋਣ ਦੇਣਾ। ਸਾਡੀ ਇਹ ਤੈਨੂੰ ਆਖਰੀ ਸਲਾਹ ਹੈ।

ਨਵ ਯੁਗ ਚੇਤਨਾ ਸਮਾਜ


**Web Site : NavYugChetnaSamaj.com**
**Email Address: JsKotli@NavYugChetnaSamaj.com**
**Address: 1718/4 Gobind Puri Extn. Kalka Ji, New Delhi - 110019**
**Phone: Delhi – 011 – 26023561, USA- (626) 445-2740**